
## ਪੰਜਾਬ 'ਚ ਅਸੀਂ ਹੂੰਝਾ ਫੇਰ ਜਿੱਤ ਪ੍ਰਾਪਤ ਕਰਾਂਗੇ- ਕੇਜਰੀਵਾਲ




**ਨਵੀਂ ਦਿੱਲੀ** ()- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਚਟੀ ਸਮਿਟ 'ਚ ਕਿਹਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਚੋਣਾਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਕੇਜਰੀਵਾਲ ਨੇ ਕਿਹਾ ਕਿ ਜੇਕਰ ਸਿੱਧੂ ਉਨ੍ਹਾਂ ਦਾ ਨਾਲ ਆਉਂਣਾ ਚਾਹੁੰਦੇ ਹਨ ਤਾਂ ਉਨਾਂ ਦਾ ਸਵਾਗਤ ਹੈ। ਕੇਜਰੀਵਾਲ ਨੇ ਕਿਹਾ ਕਿ ਅਜੇ ਉਨਾਂ ਦੀ ਸਿੱਧੂ ਨਾਲ ਗੱਲ ਨਹੀਂ ਹੋਈ ਹੈ। ਉਥੇ ਹੀ ਕੇਜਰੀਵਾਲ ਨੇ ਕਿਹਾ ਕਿ ਬਿਜਲੀ ਕੰਪਨੀਆਂ ਦੀ ਗੜਬੜੀ ਵੀ ਖਤਮ ਕਰਾਂਗੇ।

## ਨੇਪਾਲ 'ਚ ਅਧਿਆਪਕਾਂ ਨੇ ਕਿਤਾਬ 'ਚੋਂ ਸਵਾਮੀ ਵਿਵੇਕਾਨੰਦ ਦੀ ਜੀਵਨੀ

**ਕਾਠਮੰਡੂ / ਧੰਨਵਾਦ ਸਹਿਤ: ਪੰਜਾਬ ਗਾਰਡੀਅਨ**



ਨੇਪਾਲ ਵਿਚ ਮਧੇਸੀ ਅੰਦੋਲਨ ਤੇਜ਼ ਹੋਣ ਦੇ ਨਾਲ-ਨਾਲ ਭਾਰਤ ਵਿਰੋਧ ਵੀ ਜ਼ੋਰ ਫੜ ਰਿਹਾ ਹੈ ਅਤੇ ਇਸ ਦਾ ਅਸਰ ਹੁਣ ਸਕੂਲਾਂ ਤਕ ਜਾ ਪਹੁੰਚਿਆ ਹੈ। ਨੇਪਾਲ ਦੇ ਸਕੂਲਾਂ ਵਿਚ ਪੜ੍ਹਾਈ ਜਾਣ ਵਾਲੀ ਸਵਾਮੀ ਵਿਵੇਕਾਨੰਦ ਦੀ ਜੀਵਨੀ ਨੂੰ ਅਧਿਆਪਕਾਂ ਨੇ ਹੀ ਕਿਤਾਬ ਵਿਚੋਂ ਪਾੜ ਦਿੱਤਾ ਹੈ। ਨੇਪਾਲ ਦੇ ਜੂਨੀਅਰ ਸਕੂਲਾਂ ਵਿਚ ਵਿਦਿਆਰਥੀਆਂ ਦੇ ਮਨ ਵਿਚ ਭਾਰਤ ਵਿਰੋਧੀ ਮਾਨਸਿਕਤਾ ਭਰੀ ਜਾ ਰਹੀ ਹੈ। ਸਕੂਲੀ ਬੱਚੇ ਮਧੇਸੀ ਬੱਚਿਆਂ ਨੂੰ ਮੋਦੀ ਦੀ ਸੰਤਾਨ ਦੀ ਸੰਗਿਆ ਦੇ ਰਹੇ ਹਨ। ਮਧੇਸੀ ਪਹਾੜੀ ਫਿਰਕੇ ਦੇ ਬੱਚਿਆਂ ਨੂੰ ਔਲੀ ਪੁੱਤਰ ਦੱਸ ਰਹੇ ਹਨ।

## ਸਿਰਫ ਇਕ ਹਫਤੇ 'ਚ ਬਣ ਜਾਵੇਗਾ ਪਾਸਪੋਰਟ

**ਨਵੀਂ ਦਿੱਲੀ / ਧੰਨਵਾਦ ਸਹਿਤ: ਪੰਜਾਬ ਗਾਰਡੀਅਨ**

ਤੁਸੀਂ ਇਕ ਹਫਤੇ ਦੇ ਅੰਦਰ ਤੁਰੰਤ ਪਾਸਪੋਰਟ ਬਣਵਾ ਸਕਦੇ ਹਨ। ਇਸ ਲਈ ਤੁਹਾਡੇ ਕੋਲ ਸਾਰੇ ਜ਼ਰੂਰੀ ਦਸਤਾਵੇਜ ਹੋਣੇ ਚਾਹੀਦੇ ਹਨ। ਦੇਖਿਆ ਇਹ ਜਾਂਦਾ ਹੈ ਕਿ ਅਕਸਰ ਦਸਤਾਵੇਜ਼ਾਂ ਦੀ ਪੂਰੀ ਜਾਣਕਾਰੀ ਨਹੀਂ ਹੋਣ ਕਾਰਨ ਲੋਕਾਂ ਨੂੰ ਪਾਸਪੋਰਟ ਬਣਵਾਉਣ ਲਈ ਤੁਹਾਨੂੰ ਕੀ-ਕੀ ਤਿਆਰੀ ਕਰਨੀ ਹੋਵੇਗੀ ਅਤੇ ਕਿਹੜੇ-ਕਿਹੜੇ ਦਸਤਾਵੇਜ਼ ਇਸ ਲਈ ਜ਼ਰੂਰੀ ਹਨ। ਤੁਰੰਤ ਪਾਸਪੋਰਟ ਬਣਨ 'ਚ ਸਭ ਤੋਂ ਘੱਟ ਸਮੇਂ ਲੱਗਦਾ ਹੈ। ਤੁਰੰਤ ਪਾਸਪੋਰਟ ਲਈ ਵੀ ਤੁਸੀਂ ਆਨਲਾਈਨ ਫਾਰਮ ਭਰ ਸਕਦੇ ਹੋ। ਨਾਰਮਲ ਪਾਸਪੋਰਟ ਤੋਂ ਤੁਰੰਤ ਦੀ ਫੀਸ 2 ਹਜ਼ਾਰ ਰੁਪਏ ਜ਼ਿਆਦਾ ਲੱਗਦੀ ਹੈ। ਇਹ ਫੀਸ ਵੀ ਤੁਹਾਨੂੰ ਕੈਸ਼ ਜਾਂ ਡਿਮਾਂਡ ਡਰਾਫਟ ਦੇ ਰੂਪ 'ਚ ਪਾਸਪੋਰਟ ਦਫ਼ਤਰ 'ਚ ਜਮ੍ਹਾ ਕਰਨੀ ਪੈਂਦੀ ਹੈ। ਆਨਲਾਈਨ ਫਾਰਮ ਭਰਨ ਤੋਂ ਬਾਅਦ ਤੁਸੀਂ ਨੇੜੇ ਦੇ ਪਾਸਪੋਰਟ ਦਫ਼ਤਰ ਤੋਂ ਆਪਣੀ ਪਸੰਦ ਦੇ ਹਿਸਾਬ ਨਾਲ ਦਿਨ ਅਤੇ ਸਮੇਂ ਦੀ ਚੋਣ ਕਰ ਕੇ ਆਨਲਾਈਨ ਮੁਲਾਕਾਤ ਲਈ ਸਮਾਂ ਲੈ ਸਕਦੇ ਹੋ। ਇਕ ਗੱਲ ਦਾ ਧਿਆਨ ਰੱਖੋ ਕਿ ਜਿਨ੍ਹਾਂ ਦਸਤਾਵੇਜ਼ਾਂ ਬਾਰੇ ਤੁਸੀਂ ਡਿਟੇਲਸ ਦਿੱਤੀ ਹੈ, ਉਨ੍ਹਾਂ ਨੂੰ ਜ਼ਰੂਰ ਨਾਲ ਲੈ ਕੇ ਜਾਓ, ਨਹੀਂ ਤਾਂ ਤੁਹਾਡਾ ਐਪਲੀਕੇਸ਼ਨ ਰਿਜੈਕਟ ਹੋ ਜਾਵੇਗਾ ਅਤੇ ਦੁਬਾਰਾ ਤੁਹਾਨੂੰ ਪੂਰੀ ਪ੍ਰਕਿਰਿਆ ਤੋਂ ਲੰਘਣਾ ਹੋਵੇਗਾ।




ਜੇਕਰ ਤੁਸੀਂ ਤੁਰੰਤ ਪਾਸਪੋਰਟ ਲਈ ਅਪਲਾਈ ਕੀਤਾ ਹੈ ਤਾਂ ਸਭ ਤੋਂ ਪਹਿਲਾਂ ਤੁਸੀਂ ਤੁਰੰਤ ਲਈ ਦਿੱਤੇ ਗਏ ਏਨੇਕਸਚਰ ਐਫ ਨੂੰ ਕਿਸੇ ਗਜਟੇਡ ਅਫਸਰ ਤੋਂ ਸਾਈਨ ਕਰਵਾ ਲਵੋ। ਇਸ ਨੂੰ ਜ਼ਿਲੇ ਦੇ ਡੀ.ਐੱਮ., ਐੱਸ.ਐੱਸ.ਪੀ., ਐੱਸ.ਡੀ.ਐੱਮ., ਆਈ.ਜੀ., ਡੀ.ਆਈ.ਜੀ., ਜਊਡਿਸ਼ਲ ਮੈਜਿਸਟ੍ਰੇਟ, ਐੱਸ.ਐੱਚ.ਓ., ਕੇਂਦਰ ਸਰਕਾਰ 'ਚ ਅੰਡਰ ਸੈਕੇਟ੍ਰੀ ਤੋਂ ਉੱਪਰ, ਰਾਜ ਸਰਕਾਰ 'ਚ ਜੁਆਇਂਟ ਸੈਕੇਟਰੀ ਤੋਂ ਉਪਰ ਦੇ ਅਧਿਕਾਰੀ ਤੋਂ ਉਨ੍ਹਾਂ ਦੇ ਅਧਿਕਾਰਤ ਲੈਟਰਹੈੱਡ 'ਤੇ ਬਣਵਾਇਆ ਜਾ ਸਕਦਾ ਹੈ। ਆਰਮੀ, ਨੇਵੀ, ਏਅਰਫੋਰਸ 'ਚ ਮੇਜਰ, ਲੈਫਟੀਨੈਂਟ ਕਮਾਂਡਰ ਅਤੇ ਸਕਵਾਰਡਨ ਲੀਡਰ ਤੋਂ ਉਪਰ ਦੇ ਅਧਿਕਾਰੀ ਵੀ ਤੁਹਾਡੇ ਐਫੀਡੇਵਿਟ 'ਤੇ ਸਾਈਨ ਕਰ ਸਕਦੇ ਹਨ। ਇਹ ਐਫੀਡੇਵਿਟ ਤੁਹਾਨੂੰ ਇਨ੍ਹਾਂ ਅਧਿਕਾਰੀਆਂ ਦੇ ਲੈਟਰਹੈੱਡ 'ਤੇ ਲਿਖਵਾਉਣਾ ਹੋਵੇਗਾ। ਇਸ ਦੇ ਨਾਲ ਹੀ ਇਨ੍ਹਾਂ ਅਧਿਕਾਰੀਆਂ ਦੇ ਪਛਾਣ ਪੱਤਰ ਵੀ ਇਸ ਨਾਲ ਲਗਾਉਣਾ ਜ਼ਰੂਰੀ ਹੈ। ਫੌਜ ਅਧਿਕਾਰੀਆਂ ਦਾ ਪਛਾਣ ਪੱਤਰ ਨਹੀਂ ਲੱਗੇਗਾ ਪਰ ਇਨ੍ਹਾਂ ਅਧਿਕਾਰੀਆਂ ਦੀ ਡਿਫੈਂਸ ਕੈਂਟੀਨ ਤੋਂ ਮਿਲਣ ਵਾਲੇ ਕਾਰਡ ਦੀ ਫੋਟੋ ਕਾਪੀ ਤੁਹਾਨੂੰ ਜ਼ਰੂਰ ਲਗਾਉਣੀ ਪਵੇਗੀ।

## ਏਅਰਫੋਰਸ ਦਾ ਸਾਬਕਾ ਅਧਿਕਾਰੀ ਗ੍ਰਿਫ਼ਤਾਰ ਆਈ.ਐਸ.ਆਈ. ਲਈ ਕਰਦਾ ਸੀ ਜਾਸੂਸੀ

**ਬਠਿੰਡਾ (ਧੰਨਵਾਦ ਸਹਿਤ: ਪੰਜ ਦਰਿਆ, ਅਮਰੀਕਾ)**

ਹਵਾਈ ਫ਼ੌਜ ਦਾ ਬਰਖਾਸਤ ਅਧਿਕਾਰੀ, ਜਿਸ ਨੇ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਇੰਟਰ ਸਰਵਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਦੇ ਖ਼ੁਫੀਆ ਏਜੰਟਾਂ ਨੂੰ ਕਥਿਤ ਰੂਪ ਵਿਚ ਗੁਪਤ ਦਸਤਾਵੇਜ਼ਾਂ ਦੀ ਜਾਣਕਾਰੀ ਦਿੱਤੀ ਸੀ, ਨੂੰ ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਪੰਜਾਬ ਤੋਂ ਗਿਫ਼ਤਾਰ ਕਰ ਲਿਆ ਹੈ। ਦੋਸ਼ੀ ਦੀ ਪਛਾਣ ਰਣਜੀਥ ਵਜੋਂ ਕੀਤੀ ਗਈ ਹੈ, ਜਿਹੜਾ ਇਕ ਲੀਡਿੰਗ ਕਰਾਫਟਮੈਨ ਸੀ ਅਤੇ ਬਠਿੰਡਾ ਵਿਖੇ ਤਾਇਨਾਤ ਸੀ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸੁਰੱਖਿਆ ਏਜੰਸੀਆਂ ਵਲੋਂ ਮੁਹੱਈਆ ਕੀਤੇ ਸਬੂਤਾਂ ਪਿੱਛੋਂ ਉਸ ਨੂੰ ਹਾਲ ਹੀ ਵਿਚ ਨੌਕਰੀ ਤੋਂ ਬਰਖਾਸਤ ਕੀਤਾ ਗਿਆ ਸੀ। ਕੇਰਲਾ ਵਾਸੀ ਰਾਣਜੀਥ ਨੂੰ ਗਿਫ਼ਤਾਰ ਕੀਤਾ ਗਿਆ ਅਤੇ ਉਸ ਨੂੰ ਦਿੱਲੀ ਲਿਆਂਦਾ ਗਿਆ ਜਿਥੇ ਉਸ ਨੂੰ ਟਰਾਂਜ਼ਿਟ ਰਿਮਾਂਡ 'ਤੇ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।



ਦਿੱਲੀ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਹਵਾਈ ਫ਼ੌਜ ਦਾ ਸਾਬਕਾ ਅਧਿਕਾਰੀ ਰਣਜੀਥ।

ਜਾਂਚ ਅਧਿਕਾਰੀ ਨੇ ਦੱਸਿਆ ਕਿ ਰਣਜੀਥ ਨੇ ਕਥਿਤ ਰੂਪ ਵਿਚ ਆਈ.ਐਸ.ਆਈ. ਦੀ ਹਮਾਇਤ ਪ੍ਰਾਪਤ ਏਜੰਟਾਂ ਨੂੰ ਈ-ਮੇਲ ਅਤੇ ਅੰਤਰ ਅਧਾਰਤ ਟੈਕਸਟ ਮੈਸੇਜ ਸੇਵਾਵਾਂ ਰਾਹੀਂ ਗੁਪਤ ਜਾਣਕਾਰੀ ਮੁਹੱਈਆ ਕੀਤੀ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਕ ਅਣਪਛਾਤੀ ਔਰਤ ਨੇ ਰਣਜੀਥ ਨੂੰ ਜਾਸੂਸੀ ਦੇ ਇਸ ਗੇੜ 'ਚ ਫਸਾ ਲਿਆ, ਜਿਸ ਨਾਲ ਉਸ ਦੀ ਸੋਸ਼ਲ ਨੈਟਵਰਕਿੰਗ ਵੈੱਬਸਾਈਟ 'ਤੇ ਮੁਲਾਕਾਤ ਹੋਈ ਸੀ। ਦੇਸ਼ ਦੇ ਮਹੱਤਵਪੂਰਨ ਅਤੇ ਅਤਿ ਆਧੁਨਿਕ ਭਾਰਤੀ ਫੌਜ ਦੇ ਹਵਾਈ ਅੱਡੇ ਭਿਸੀਆਣਾ (ਬਠਿੰਡਾ) ਵਿਖੇ ਪਿਛਲੇ 2 ਸਾਲਾਂ ਤੋਂ ਕੰਮ ਕਰਦੇ ਰਣਜੀਥ 'ਤੇ ਹਵਾਈ ਸੈਨਾ ਦਾ ਖੁਫੀਆ ਤੰਤਰ ਤੇ ਹੋਰ ਖੁਫੀਆ ਏਜੰਸੀਆਂ ਨਜ਼ਰ ਰੱਖ ਰਹੀਆਂ ਸਨ। ਉਸ ਦੀ ਫੇਸਬੁੱਕ ਤੇ ਫੋਨ ਦੀ ਨਿਗਰਾਨੀ ਹੋ ਰਹੀ ਸੀ, ਜਿਸ ਤੋਂ ਪਾਇਆ ਗਿਆ ਕਿ ਉਹ ਭਿਸੀਆਣਾ ਹਵਾਈ ਅੱਡੇ ਅਤੇ ਹਵਾਈ ਸੈਨਾ ਦੀਆਂ ਸਰਗਰਮੀਆਂ ਬਾਰੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੂੰ ਜਾਣਕਾਰੀ ਦੇ ਰਿਹਾ ਸੀ। ਪੁੱਛਗਿੱਛ ਦੌਰਾਨ ਉਸ ਨੇ ਕਈ ਅਹਿਮ ਖੁਲਾਸੇ ਕੀਤੇ।

## ਮੇਰੀ ਮੁਹਿਮ ਭ੍ਰਿਸ਼ਟਾਚਾਰ ਖਿਲਾਫ਼ ਹੈ ਨਾ ਕਿ ਖਜ਼ਾਨਾ ਮੰਤਰੀ ਖਿਲਾਫ਼-ਕੀਰਤੀ ਆਜ਼ਾਦ

**ਨਵੀਂ ਦਿੱਲੀ (ਧੰਨਵਾਦ ਸਹਿਤ: ਪੰਜ ਦਰਿਆ, ਅਮਰੀਕਾ)**

ਦਿੱਲੀ ਅਤੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ 'ਚ ਕਥਿਤ ਭ੍ਰਿਸ਼ਟਾਚਾਰ ਨੂੰ ਲੈ ਕੇ 'ਕਈ ਹੋਰ ਖੁਲਾਸਿਆਂ' ਦਾ ਦਾਅਵਾ ਕਰਨ ਵਾਲੇ ਭਾਜਪਾ ਤੋਂ ਮੁਅੱਤਲ ਸੰਸਦ ਮੈਂਬਰ ਕੀਰਤੀ ਆਜ਼ਾਦ ਨੇ ਅੱਜ ਡੀ. ਡੀ. ਸੀ. ਏ. ਖਿਲਾਫ ਦੋਸ਼ਾਂ ਦੀ ਸੀ. ਬੀ. ਆਈ. ਜਾਂਚ ਦੀ ਮੰਗ ਕੀਤੀ ਹੈ, ਪਰ ਉਹ ਵਿਅਕਤੀਗਤ ਟਿੱਪਣੀਆਂ ਤੋਂ ਗੁਰੇਜ਼ ਕਰਦੇ ਨਜ਼ਰ ਆਏ। ਦਿੱਲੀ 'ਚ ਕੀਤੀ ਪ੍ਰੈੱਸ ਕਾਨਫਰੰਸ 'ਚ ਕੀਰਤੀ ਆਜ਼ਾਦ ਨੇ ਕਿਹਾ ਕਿ ਉਹ ਉਨ੍ਹਾਂ ਲੋਕਾਂ ਨੂੰ ਬੇਨਕਾਬ ਕਰਨਾ ਚਾਹੁੰਦੇ ਹਨ, ਜੋ ਇਸ ਸੰਸਥਾ (ਡੀ. ਡੀ. ਸੀ. ਏ.) 'ਚ ਭ੍ਰਿਸ਼ਟਾਚਾਰੀ ਹਨ। ਕੀਰਤੀ ਆਜ਼ਾਦ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਮੁਹਿਮ ਭ੍ਰਿਸ਼ਟਾਚਾਰ ਦੇ ਖਿਲਾਫ ਹੈ ਨਾ ਕਿ ਖਜ਼ਾਨਾ ਮੰਤਰੀ ਅਰੁਣ ਜੇਤਲੀ ਦੇ ਖਿਲਾਫ। ਦੱਸਣਯੋਗ ਹੈ ਕਿ ਅਰੁਣ ਜੇਤਲੀ ਸਾਲ 2013 ਤੱਕ ਤਕਰੀਬਨ 13 ਸਾਲ ਡੀ. ਡੀ. ਸੀ. ਏ. ਦੇ ਮੁਖੀ ਰਹੇ ਸਨ। ਅੱਜ ਪ੍ਰੈੱਸ ਕਾਨਫਰੰਸ 'ਚ ਉਨ੍ਹਾਂ ਅਰੁਣ ਜੇਤਲੀ ਬਾਰੇ ਸਫਾਈ ਪੇਸ਼ ਕਰਦਿਆਂ ਕਿਹਾ ਕਿ ਜੇਤਲੀ ਦਾ ਨਾਂਅ ਲੈ ਕੇ ਮੈਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਅਰੁਣ ਜੇਤਲੀ ਦੇ ਅੱਜ ਦੇ ਦਿਨ ਜਨਮ ਦਿਨ ਦਾ ਵੀ ਜ਼ਿਕਰ ਕੀਤਾ। ਦਰਭੰਗਾ ਤੋਂ ਸੰਸਦ ਮੈਂਬਰ ਨੇ ਮੁੜ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਪਾਰਟੀ ਦੇ ਖਿਲਾਫ ਕੁਝ ਨਹੀਂ ਕੀਤਾ¢ ਕੀਰਤੀ ਆਜ਼ਾਦ ਨੇ ਉਨ੍ਹਾਂ ਇਲਜ਼ਾਮਾਂ ਨੂੰ ਵੀ ਖਾਰਜ ਕੀਤਾ, ਜਿਸ 'ਚ ਕਿਹਾ ਗਿਆ ਕਿ ਉਹ ਕਾਂਗਰਸ ਦੇ ਇਸ਼ਾਰੇ 'ਤੇ ਇਹ ਕਥਿਤ ਮੁੱਦਾ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਈ ਵਾਰ ਇਹ ਮਾਮਲਾ ਉਠਾਇਆ ਸੀ, ਪਰ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਸ੍ਰੀ ਆਜ਼ਾਦ ਨੇ ਸੀਰੀਅਸ ਫ੍ਰਾਡ ਇਨਵੈਸਟੀਗੇਸ਼ਨ (ਐਸ. ਐਫ. ਓ.) ਦੇ ਦਫਤਰ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਵੀ ਕਈ ਵਾਰ ਡੀ. ਡੀ. ਸੀ. ਏ. ਨੂੰ ਦਸਤਾਵੇਜ਼ ਮੁਹੱਈਆ ਕਰਵਾਉਣ ਲਈ ਕਹਿ ਚੁੱਕੇ ਹਨ, ਪਰ ਕੁਝ ਹੀ ਦਸਤਾਵੇਜ਼ ਮੁਹੱਈਆ ਕਰਵਾਏ ਗਏ।

## ਦੇਸ਼ ਚ 78 ਹਜ਼ਾਰ ਭਿਖਾਰੀ ਹਨ 12ਵੀਂ ਪਾਸ

**ਅਹਿਮਦਾਬਾਦ (ਧੰਨਵਾਦ ਸਹਿਤ: ਪੰਜ ਦਰਿਆ, ਅਮਰੀਕਾ)**

ਆਜ਼ਾਦ ਭਾਰਤ 'ਚ ਭੀਖ ਮੰਗਦਿਆਂ ਭਿਖਾਰੀਆਂ ਦੀ ਤਸਵੀਰ ਦੇਸ਼ ਦੀ ਸਭ ਤੋਂ ਭਿਆਨਕ ਸਥਿਤੀ ਬਿਆਨ ਕਰਦੀ ਹੈ। ਦੇਸ਼ 'ਚ 3 ਲੱਖ 72 ਹਜ਼ਾਰ ਭਿਖਾਰੀ ਹਨ ਪਰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਨ੍ਹਾਂ 'ਚੋਂ 21 ਫ਼ੀਸਦੀ ਸਿੱਖਿਅਤ ਹਨ। ਇਨ੍ਹਾਂ ਨੇ 12ਵੀਂ ਜਾਂ ਉਸ ਤੋਂ ਜ਼ਿਆਦਾ ਤੱਕ ਦੀ ਪੜ੍ਹਾਈ ਕੀਤੀ ਹੋਈ ਹੈ ਜਦਕਿ 3 ਹਜ਼ਾਰ ਤੋਂ ਜ਼ਿਆਦਾ ਕੋਲ ਪੇਸ਼ੇਵਰ ਡਿਪਲੋਮਾ ਜਾਂ ਗ੍ਰੈਜੂਏਸ਼ਨ ਦੀ ਡਿਗਰੀ ਹੈ ਅਤੇ ਕਈ ਤਾਂ ਪੋਸਟ ਗ੍ਰੈਜੂਏਸ਼ਨ ਤੱਕ ਕਰ ਚੁੱਕੇ ਹਨ। ਇਹ ਸਾਰੇ ਅੰਕੜੇ 2011 ਦੀ ਮੱਤਗਣਨਾ ਅਨੁਸਾਰ, 'ਪੇਸ਼ੇਵਰ ਰੂਪ ਨਾਲ ਕੋਈ ਕੰਮ ਨਾ ਕਰਨ ਵਾਲੇ ਅਤੇ ਉਨ੍ਹਾਂ ਦੇ ਸਿੱਖਿਆ ਪੱਧਰ' 'ਚੋਂ ਹਨ। ਅੰਕੜੇ ਦੱਸਦੇ ਹਨ ਕਿ ਇਹ ਉਨ੍ਹਾਂ ਦੀ ਪਸੰਦ ਨਹੀਂ ਬਲਕਿ ਮਜਬੂਰੀ ਹੈ। ਪੜ੍ਹਨ-ਲਿਖਣ ਅਤੇ ਡਿਗਰੀ ਹਾਸਿਲ ਕਰਨ ਤੋਂ ਬਾਅਦ ਸੰਤੁਸ਼ਟ ਨੌਕਰੀ ਨਾ ਮਿਲਣ ਤੋਂ ਬਾਅਦ ਉਹ ਭਿਖਾਰੀ ਬਣੇ।

12ਵੀਂ ਪਾਸ 45 ਸਾਲ ਦੇ ਦਿਨੇਸ਼ ਖੋਧਾਭਾਈ ਅੰਗ੍ਰੇਜ਼ੀ ਬੋਲਦਿਆਂ ਕਹਿੰਦੇ ਹਨ ਕਿ 'ਮੈਂ ਭਾਵੇਂ ਗਰੀਬ ਹਾਂ ਪਰ ਇਮਾਨਦਾਰ ਹਾਂ।' ਮੈਂ ਦਿਨ 'ਚ 200 ਰੁਪਏ ਕਮਾਉਂਦਾ ਹਾਂ ਜੋ ਮੇਰੀ ਆਖ਼ਰੀ ਨੌਕਰੀ ਤੋਂ ਜ਼ਿਆਦਾ ਹਨ। ਦਿਨੇਸ਼ ਅਹਿਮਦਾਬਾਦ ਦੇ ਇਕ ਮੰਦਿਰ ਦੇ ਬਾਹਰ 30 ਲੋਕਾਂ ਦੇ ਸਮੂਹ ਨਾਲ ਭੀਖ ਮੰਗਦੇ ਹਨ। 52 ਸਾਲ ਦੇ ਬੀ.ਕਾਮ ਤੀਸਰੇ ਸਾਲ 'ਚੋਂ ਫੇਲ੍ਹ ਸੁਧੀਰ ਬਾਬੂ ਲਾਲ ਦਿਨ ਦੇ 150 ਰੁਪਏ ਕਮਾਉਂਦੇ ਹਨ। ਅਹਿਮਦਾਬਾਦ ਦੇ ਇਕ ਪਿੰਡ ਤੋਂ ਸੁਧੀਰ ਚੰਗੀ ਨੌਕਰੀ ਦੀ ਭਾਲ 'ਚ ਆਏ ਸਨ, ਨੌਕਰੀ ਤਾਂ ਮਿਲ ਗਈ ਪਰ 10 ਘੰਟੇ ਦੇ ਕੰਮ ਦੇ ਮਹੀਨੇ 'ਚ ਸਿਰਫ਼ 3000 ਮਿਲਦੇ ਸਨ। ਭਿਖਾਰੀਆਂ ਲਈ ਕੰਮ ਕਰਨ ਵਾਲੇ ਮਨੁੱਖੀ ਸਾਧਨਾ ਸੰਸਥਾ ਐਨ.ਜੀ.ਓ. ਦੇ ਬੀਰੇਨ ਜੋਸ਼ੀ ਕਹਿੰਦੇ ਹਨ ਕਿ 'ਭਿਖਾਰੀਆਂ ਦਾ ਮੁੜ ਵਸੇਬਾ ਮੁਸ਼ਕਿਲ ਹੈ, ਇਸ ਨਾਲ ਉਨ੍ਹਾਂ ਨੂੰ ਆਸਾਨੀ ਨਾਲ ਪੈਸਾ ਮਿਲ ਜਾਂਦਾ ਹੈ'। ਸਮਾਜਸ਼ਾਸਤਰੀ ਗੌਰੰਗ ਜਾਨੀ ਨੇ ਕਿਹਾ ਕਿ 'ਡਿਗਰੀ' ਲੈਣ ਤੋਂ ਬਾਅਦ ਲੋਕ ਭੀਖ ਮੰਗ ਰਹੇ ਹਨ, ਇਹ ਸਥਿਤੀ ਦੱਸ ਰਹੀ ਹੈ ਕਿ ਦੇਸ਼ 'ਚ ਬੇਰੁਜ਼ਗਾਰੀ ਕਿੰਨੀ ਜ਼ਿਆਦਾ ਹੈ।

**ਪੰਜਾਬ ਦੇ ਪ੍ਰਸਿੱਧ ਢਾਡੀ, ਗੀਤਕਾਰ, ਸਾਹਿਤਕਾਰ ਅਤੇ ਅੰਤਰ-ਰਾਸ਼ਟਰੀ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' ਦੇ ਸਰਪ੍ਰਸਤ ਢਾਡੀ ਕਲਾ ਦੇ ਥੰਮ ਉਸਤਾਦ ਗੁਰਬਖ਼ਸ਼ ਸਿੰਘ ਅਲਬੇਲਾ ਜਿਨ੍ਹਾਂ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਪ੍ਰਲੋਕ ਗਮਨ ਕਰ ਜਾਣ ਤੇ ਕੌਮ ਨੂੰ ਵੱਡਾ ਘਾਟਾ ਪਿਆ ਹੈ। ਅਲਬੇਲਾ ਜੀ ਦੇ ਸ਼ਰਧਾਂਜਲੀ ਸਮਾਗਮ ਮੌਕੇ ਉਨ੍ਹਾਂ ਨੂੰ ਸਰਧਾਂਜਲੀ ਭੇਟ ਕਰਦੇ ਹਾਂ।**






## ਗੁਰਸੇਵਕ ਸਿੰਘ ਖੁਖਰਾਣਾ

PIZZA SPOT

# 107-32883 ਸਾਊਥ ਫਰੈਸਰ ਦੇ ਐਬਟਸਫੋਰਡ (ਬੀ.ਸੀ.) ਕੈਨੇਡਾ

ਫ਼ੋਨ - 604-744-5505